[This question paper contains 2 printed pages.]

01 DEC 2022

Maitreyi College ★ New Delhi-110021 ★ Chanakya Puri LIBRARY

Your Roll No...............

C

**Sr. No. of Question Paper : 3085**

Unique Paper Code : 62121114

Name of the Paper : Punjabi Novel, Drama & Functional Punjabi

Name of the Course : **B. A. Prog. (MIL Core)**

Semester : I

Duration : 3 Hours

Maximum Marks : 75

**Instructions for Candidates**

1. Write your Roll No. on the top immediately on receipt of this question paper.
2. **ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

munotes.in

1. ਨਾਵਲ 'ਪੈੜਚਾਲ' ਵਿਚ ਵਰਤੀਆਂ ਗਈਆਂ ਬਿਰਤਾਂਤਕ ਜੁਗਤਾਂ ਦਾ ਹਵਾਲਾ ਦਿਉ। 15

ਜਾਂ

'ਪੈੜਚਾਲ' ਨਾਵਲ ਦਾ ਪਾਠਗਤ ਅਧਿਐਨ ਪੇਸ਼ ਕਰੋ।

2. ਇੱਕ ਚੰਗੇ ਨਾਵਲ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। 10

ਜਾਂ

ਪੰਜਾਬੀ ਨਾਵਲ ਦੇ ਨਿਕਾਸ ਤੇ ਵਿਕਾਸ ਉੱਤੇ ਰੌਸ਼ਨੀ ਪਾਉ।

3. ਪੰਜਾਬੀ ਨਾਟਕ ਦੇ ਇਤਿਹਾਸ ਉੱਤੇ ਵਿਸਥਾਰ ਵਿੱਚ ਇੱਕ ਲੇਖ ਲਿਖੋ। 15

ਜਾਂ

ਇੱਕ ਚੰਗੇ ਨਾਟਕ ਦੀ ਰਚਨਾ ਲਈ ਜ਼ਰੂਰੀ ਤੱਤਾਂ ਬਾਰੇ ਇੱਕ ਸੰਖੇਪ ਨੋਟ ਲਿਖੋ।

4. ਪਾਠ-ਪੁਸਤਕ 'ਕਾਮਾਗਾਟਾਮਾਰੂ' ਵਿਚ ਪੇਸ਼ ਡਾਇਸਪੋਰਾ ਦੀ ਸਮੱਸਿਆ ਨੂੰ ਅਧਿਐਨ ਦਾ ਵਿਸ਼ਾ ਬਣਾਉ। 10

ਜਾਂ

'ਕਾਮਾਗਾਟਾਮਾਰੂ' ਨਾਟਕ ਵਿਚ ਗੁਰਦਿੱਤ ਸਿੰਘ ਦੀ ਭੂਮਿਕਾ ਉੱਤੇ ਰੌਸ਼ਨੀ ਪਾਉ।

P.T.O.

5. ਹੇਠ ਲਿਖਿਆਂ ਵਿੱਚੋਂ ਕੋਈ **ਦਸ** ਦੇ ਲਿੰਗ ਬਦਲੋ : 10

ਟੋਪ, ਨਟ, ਪਹਾੜ, ਪੰਜਾਬੀ, ਪਤਨੀ, ਦਰਜ਼ਨ, ਦਾਦਾ,

ਗੋਲੀ, ਸੰਤ, ਭੀਲ, ਜੇਠਾਣੀ, ਚੰਮ, ਡਾਕਟਰ, ਕਵੀ, ਗੱਭਰੂ

6. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ। ਢੁੱਕਵਾਂ ਸਿਰਲੇਖ ਵੀ ਦਿਉ- 10

ਵਰਤਮਾਨ ਯੁੱਗ ਵਿਚ ਸੂਚਨਾ-ਸੰਚਾਰ ਦਾ ਸਭ ਤੋਂ ਵੱਧ ਹਰਮਨ-ਪਿਆਰਾ ਸਾਧਨ ਹੈ-ਮੋਬਾਈਲ ਫ਼ੋਨ। ਇਹ ਨਿੱਕਾ ਜਿਹਾ ਯੰਤਰ ਸਾਡਾ ਹਰ ਵਕਤ ਦਾ ਸਾਥੀ ਬਣ ਗਿਆ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਇਸ ਤੋਂ ਬਿਨਾ ਗੁਜ਼ਾਰਾ ਅਸੰਭਵ ਜਾਪਦਾ ਹੈ। ਕੁੱਝ ਸਾਲ ਪਹਿਲਾਂ ਮੋਬਾਈਲ ਰੱਖਣਾ ਇਕ ਰੁਤਬੇ ਦੀ ਨਿਸ਼ਾਨੀ ਸਮਝੀ ਜਾਂਦੀ ਸੀ। ਪਰ ਹੁਣ ਇਹ ਇਕ ਜ਼ਰੂਰਤ ਬਣ ਗਿਆ ਹੈ। ਇਸ ਦੇ ਚਮਤਕਾਰੀ ਲਾਭ ਤੋਂ ਪ੍ਰਭਾਵਿਤ ਹੋ ਕੇ ਹਰ ਕੋਈ ਇਸ ਦੀ ਵਰਤੋਂ ਕਰ ਰਿਹਾ ਹੈ। ਇਹ ਕੋਈ ਕੁਦਰਤ ਦਾ ਕ੍ਰਿਸ਼ਮਾ ਨਹੀਂ ਸਗੋਂ ਵਿਗਿਆਨ ਦੀ ਖੋਜ ਹੈ। ਇਸ ਤੋਂ ਘੜੀ ਦਾ ਕੰਮ ਵੀ ਲਿਆ ਜਾ ਸਕਦਾ ਹੈ। ਕਾਰੋਬਾਰ ਵਿਚ ਮੋਬਾਈਲ ਰਾਹੀਂ ਖ਼ਰੀਦਦਾਰੀ, ਆਰਡਰ ਬੁੱਕ ਕਰਨੇ, ਭੁਗਤਾਨ ਆਦਿ ਨਾਲ ਸਮੇਂ ਦੀ ਬਚਤ ਵੀ ਹੁੰਦੀ ਹੈ। ਮੋਬਾਈਲ ਦੀਆਂ ਆਨਲਾਈਨ ਸੇਵਾਵਾਂ ਨੇ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਲੋਕਾਂ ਦੀ ਲੋਕਾਂ ਤੋਂ ਦੂਰੀ ਘਟ ਗਈ ਹੈ। ਦੇਸਾਂ-ਪ੍ਰਦੇਸਾਂ ਵਿੱਚ ਬੈਠੇ ਲੋਕ ਮੋਬਾਈਲ ਰਾਹੀਂ ਗੱਲਾਂ ਕਰਕੇ ਇਕ-ਦੂਜੇ ਨੂੰ ਨੇੜੇ ਮਹਿਸੂਸ ਕਰਦੇ ਹਨ। ਅੱਜ ਕੱਲ੍ਹ ਵਿਦਿਆਰਥੀ ਪੜ੍ਹਾਈ ਵਿੱਚ ਇਸ ਦਾ ਬਹੁਤ ਲਾਭ ਉਠਾ ਰਹੇ ਹਨ। ਇਕੱਲਤਾ ਵਿਚ ਦਿਲਪ੍ਰਚਾਵੇ ਦੇ ਸਾਧਨ ਵੀ ਇਸ ਵਿਚ ਮੌਜੂਦ ਹਨ।

7. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿੱਚੋਂ ਕੋਈ **ਪੰਜ** ਦਾ ਪੰਜਾਬੀ ਵਿਚ ਅਨੁਵਾਦ ਕਰੋ: 5

Behaviour, Music, Publication, Advocate, Beautiful, Culture, Human, Military

munotes.in